ਨੰਬਰ ............/ਪਾਰਟੀਸ਼ਨ/1567/87 ਮਿਤੀ ...... /-------/---------

ਵੱਲੋਂ

ਮੁੱਖ ਇੰਜੀਨੀਅਰ/ਨਹਿਰਾਂ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਅਡੀਸਨਲ ਡਾਇਰੈਕਟਰ,
ਲੋਕ ਸੰਪਰਕ ਵਿਭਾਗ, ਪੰਜਾਬ,
ਕਮਰਾ ਨੰ: 11 ਪੰਜਵੀਂ ਮੰਜਿਲ
ਸਿਵਲ ਸਕੱਤਰੇਤ,ਚੰਡੀਗੜ੍ਹ।

ਵਿਸ਼ਾ:- ਅਕਾਸ਼ਵਾਣੀ ਜਲੰਧਰ ਤੋਂ ਪੰਜਾਬ ਵਿੱਚ ਨਹਿਰਾਂ ਦੇ ਚੱਲਣ ਦਾ ਵਾਰੀ ਬੰਦੀ ਪ੍ਰੋਗਰਾਮ ਪ੍ਰਸਾਰਨ ਦਾ 8 ਦਿਨਾਂ ਦਾ ਪ੍ਰੋਗਰਾਮ ਮਿਤੀ **17-11-2018** ਤੋਂ **24-11-2018** ਤੱਕ।

ਇਸ ਦਫਤਰ ਦੇ ਪੱਤਰ ਨੰ: 1567/ਪਾਰਟ/1567/87, ਮਿਤੀ 15/10/18 ਦੇ ਸਬੰਧ ਵਿੱਚ ਅਕਾਸ਼ਵਾਣੀ ਜਲੰਧਰ ਤੋਂ ਪੰਜਾਬ ਵਿੱਚ ਨਹਿਰਾਂ ਦੇ ਚੱਲਣ ਦਾ ਵਾਰੀ ਬੰਦੀ ਪ੍ਰੋਗਰਾਮ ਦਾ 8 ਦਿਨਾਂ ਦਾ ਪ੍ਰਸਾਰਣ ਮਿਤੀ **17-11-2018** ਤੋਂ **24-11-2018** ਤੱਕ ਦਾ ਖਰੜਾ ਭੇਜਿਆ ਜਾਂਦਾ ਹੈ

ਬੇਨਤੀ ਕੀਤੀ ਜਾਂਦੀ ਹੈ ਕਿ ਇਹ ਪ੍ਰੋਗਰਾਮ ਪ੍ਰੈਸ ਦੇ ਵੱਖਰੇ ਵੱਖਰੇ ਨੁਮਾਇੰਦਿਆਂ ਨੂੰ ਪੰਜਾਬ ਰਾਜ ਨਾਲ ਸਬੰਧਤ ਖਬਰਾਂ ਦੇ ਕਾਲਮ ਵਿੱਚ ਛਾਪਣ ਲਈ ਭੇਜਿਆ ਜਾਵੇ ਜੀ।

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ 6 ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾਸਤੇ ਮੁੱਖ ਇੰਜੀਨੀਅਰ/ਨਹਿਰਾਂ,ਜਲ ਸਰੋਤ ਵਿਭਾਗ ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ: 1696-1705/ਪਾਰਟ/1567/87 ਮਿਤੀ 3/10/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਇਸ ਦਫਤਰ ਦੇ ਪੱਤਰ ਨੰ: 1568-1576/ ਪਾਰਟ/1567/87, ਮਿਤੀ 15/10/18 ਦੇ ਸਬੰਧ ਵਿੱਚ।
2. ਡਾਇਰੈਕਟਰ, ਦੂਰਦਰਸ਼ਨ ਜਲੰਧਰ ਨੂੰ ਇਹ ਪ੍ਰੋਗਰਾਮ ਦੂਰਦਰਸ਼ਨ ਜਲੰਧਰ ਤੋਂ ਮਿਤੀ **16-11-2018** ਨੂੰ ਪ੍ਰਸਾਰਿਤ ਕਰਨ ਲਈ।
3. ਸੰਯੁਕਤ ਡਾਇਰੈਕਟਰ/ਰੇਡਿਓ ਅਤੇ ਪ੍ਰੈਸ, ਲੋਕ ਸੰਪਰਕ ਵਿਭਾਗ,ਪੰਜਾਬ,ਜਲੰਧਰ ਨੂੰ ਪ੍ਰੋਗਰਾਮ ਦੀਆਂ ਦੋ ਫਾਲਤੂ ਕਾਪੀਆਂ ਸਹਿਤ।
4. ਨਿਗਰਾਨ ਇੰਜੀਨੀਅਰ, ਸਰਹੰਦ ਨਹਿਰ ਹਲਕਾ, ਲੁਧਿਆਣਾ ।
5. ਨਿਗਰਾਨ ਇੰਜੀਨੀਅਰ, ਆਈ.ਬੀ ਹਲਕਾ, ਪਟਿਆਲਾ ।
6. ਨਿਗਰਾਨ ਇੰਜੀਨੀਅਰ, ਭਾਖੜਾ ਮੇਨ ਲਾਈਨ ਹਲਕਾ, ਪਟਿਆਲਾ ।
7. ਨਿਗਰਾਨ ਇੰਜੀਨੀਅਰ, ਅੱਪਰਬਾਰੀ ਦੁਆਬ ਨਹਿਰ ਹਲਕਾ, ਅੰਮ੍ਰਿਤਸਰ ।
8. ਨਿਗਰਾਨ ਇੰਜੀਨੀਅਰ, ਫਿਰੋਜਪੁਰ ਨਹਿਰ ਹਲਕਾ, ਫਿਰੋਜਪੁਰ ।!
9. ਨਿਗਰਾਨ ਇੰਜੀਨੀਅਰ, ਢਲਬਾਹਾ ਉਸਾਰੀ ਡੈਮ ਹਲਕਾ ਹੁਸਿਆਰਪੁਰ।
10. ਇੰਨਚਾਰਜ /ਕੰਮਪਿਊਟਰ ਸੈਲ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਈਟ ਤੇ ਪਾਉਣ ਲਈ।

ਨੱਥੀ /ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾਸਤੇ ਮੁੱਖ ਇੰਜੀਨੀਅਰ/ਨਹਿਰਾਂ,ਜਲ ਸਰੋਤ ਵਿਭਾਗ ਪੰਜਾਬ,
ਚੰਡੀਗੜ੍ਹ

ਨੋਟ :-------- ਇਸ ਸਮੇਂ ਦੂਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।

# ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ

**ਜਰੂਰੀ ਸੂਚਨਾ**

ਰਬੀ ਸਮੇ ਵਿੱਚ ਮਿਤੀ **17/11/2018** ਤੋ ਮਿਤੀ **24/11/2018** ਤੱਕ ਨਹਿਰਾਂ ਰਾਂਹੀ ਪੰਜਾਬ ਵਿੱਚ ਪਾਣੀ ਦੇਣ ਦਾ ਪ੍ਰੋਗਰਾਮ :-

**ਰੋਪੜ ਹੈਡ ਵਰਕਸ ਤੋ ਨਿੱਕਲਣ ਵਾਲੀਆਂ ਨਹਿਰਾਂ ਅਤੇ ਬ੍ਰਾਂਚਾਂ**

ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਹੇਠ ਲਿਖੇ ਅਨੁਸਾਰ ਪਹਿਲ ਦੇ ਅਧਾਰ ਤੇ ਚਲਣਗੀਆਂ:-

| | | |
|---|---|---|
| ਪਟਿਆਲਾ ਫੀਡਰ | = | 1 |
| ਅਬੋਹਰ ਬ੍ਰਾਂਚ | = | 2 |
| ਬਿਸਤ ਦੁਆਬ ਕੈਨਾਲ | = | 3 |
| ਸਿਧਵਾਂ ਬ੍ਰਾਂਚ | = | 4 |
| ਬਠਿੰਡਾਂ ਬ੍ਰਾਚ | = | 5 |

**ਭਾਖੜਾ ਮੇਨ ਲਾਇਨ ਦੀਆਂ ਨਹਿਰਾਂ ਅਤੇ ਬ੍ਰਾਂਚਾਂ**

ਘੱਗਰ ਲਿੰਕ ਅਤੇ ਇਸ ਵਿੱਚ ਫੀਡ ਹੁੰਦੀ ਘੱਗਰ ਬ੍ਰਾਂਚ ਅਤੇ ਪਟਿਆਲਾ ਮਾਈਨਰ ਜੋ ਕਿ ਗਰੁੱਪ'ਬੀ' ਵਿੱਚ ਹਨ, ਨੂੰ ਪਹਿਲੀ ਤਰਜੀਹ ਦੇ ਅਧਾਰ ਤੇ ਪੂਰਾ ਪਾਣੀ ਮਿਲੇਗਾ। ਭਾਖੜਾ ਮੇਨ ਲਾਇਨ ਵਿਚੋ ਨਿਕਲਦੀਆਂ ਨਹਿਰ੍ਹਾਂ ਜੋ ਕਿ ਗਰੁੱਪ 'ਏ'ਵਿੱਚ ਹਨ, ਨੂੰ ਦੂਜੀ ਤਰਜੀਹ ਦੇ ਅਧਾਰ ਤੇ ਬਾਕੀ ਬੱਚਦਾ ਪਾਣੀ ਮਿਲੇਗਾ।

**ਹਰੀਕੇ ਅਤੇ ਫਿਰੋਜਪੁਰ ਹੈਡ ਵਰਕਸ ਤੋ ਨਿਕਲਣ ਵਾਲੀਆਂ ਨਹਿਰਾਂ ਅਤੇ ਬ੍ਰਾਂਚਾਂ**

ਸਰਹੰਦ ਫੀਡਰ ਵਿਚੋ ਨਿਕਲਦੀ ਅਬੋਹਰ ਬ੍ਰਾਂਚ ਲੋਅਰ ਅਤੇ ਇਸ ਦੇ ਰਜਬਾਹਿਆਂ ਨੂੰ ਜਿਹੜੇ ਕਿ ਗਰੁੱਪ 'ਬੀ' ਵਿੱਚ ਹਨ, ਨੂੰ ਪਹਿਲੀ ਤਰਜੀਹ ਦੇ ਅਧਾਰ ਤੇ ਪੂਰਾ ਪਾਣੀ ਮਿਲੇਗਾ। ਸਰਹੰਦ ਫੀਡਰ ਵਿਚੋ ਨਿਕਲਦੇ ਸਾਰੇ ਰਜਬਾਹੇ ਜਿਹੜੇ ਕਿ ਗਰੁੱਪ 'ਏ' ਵਿੱਚ ਹਨ, ਨੂੰ ਦੂਜੀ ਤਰਜੀਹ ਦੇ ਅਧਾਰ ਤੇ ਬਾਕੀ ਬੱਚਦਾ ਪਾਣੀ ਮਿਲੇਗਾ।

**ਅੱਪਰ ਬਾਰੀ ਦੁਆਬ ਕੈਨਾਲ**

ਸਭਰਾਓ ਬ੍ਰਾਂਚ ਅਤੇ ਇਸ ਦੇ ਰਜਬਾਹਿਆਂ ਨੂੰ ਪਹਿਲੀ ਤਰਜੀਹ ਦੇ ਅਧਾਰ ਤੇ ਪੂਰਾ ਪਾਣੀ ਮਿਲੇਗਾ। ਕਸੂਰ ਬ੍ਰਾਂਚ ਲੋਅਰ, ਮੇਨ ਬ੍ਰਾਂਚ ਲੋਅਰ, ਲਹੌਰ ਬਰਾਂਚ ਅਤੇ ਇਸ ਦੇ ਰਜਬਾਹਿਆਂ ਨੂੰ ਕ੍ਰਮਵਾਰ ਬਾਕੀ ਬੱਚਦਾ ਪਾਣੀ ਮਿਲੇਗਾ।